
## ਟੀ ਬੀ ਕਿਸੇ ਨੂੰ ਵੀ ਲੱਗ ਸਕਦੀ ਹੈ

ਕਈ ਲੋਕਾਂ ਨੂੰ ਟੀ ਬੀ ਦੀ ਲਾਗ ਅਤੇ/ਜਾਂ ਇਹ ਬਿਮਾਰੀ ਲੱਗਣ ਦਾ ਵੱਧ ਖ਼ਤਰਾ ਹੁੰਦਾ ਹੈ ਅਤੇ ਅਤੇ ਉਨ੍ਹਾਂ ਦਾ ਮੁਆਇਨਾ ਹੋਣਾ ਚਾਹੀਦਾ ਹੈ। ਇਨ੍ਹਾਂ ਵਿੱਚ ਅਜਿਹੇ ਲੋਕਾਂ ਸ਼ਾਮਲ ਹੁੰਦੇ ਹਨ ਜੋ:

- ਘਰ, ਕੰਮ ‘ਤੇ ਜਾਂ ਸਕੂਲ ਵਿੱਚ ਟੀ ਬੀ ਦੇ ਸ਼ਿਕਾਰ ਕਿਸੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਿੱਚ ਆਉਂਦੇ ਹੋਣ
- ਅਜਿਹੇ ਦੇਸ਼, ਜਿੱਥੇ ਟੀ ਬੀ ਵੱਧ ਮਾਤਰਾ ਵਿੱਚ ਹੋਵੇ, ਵਿੱਚ ਗਏ ਹੋਣ ਜਾਂ ਓਥੋਂ ਹੁਣੇ ਹੁਣੇ ਪਹੁੰਚੇ ਹੋਣ
- ਜਿੰਨ੍ਹਾਂ ਨੂੰ ਐਚਆਈਵੀ (HIV) ਦੀ ਲਾਗ ਵੀ ਲੱਗੀ ਹੋਵੇ
- ਸ਼ੱਕਰ ਰੋਗ, ਗੁਰਦਿਆਂ ਦੀ ਬਿਮਾਰੀ, ਕੈਂਸਰ, ਜੋੜਾਂ ਦੇ ਦਰਦਾਂ ਕਾਰਨ ਉਨ੍ਹਾਂ ਅੰਦਰ ਬਿਮਾਰੀ ਤੋਂ ਬਚਾ ਕਰਨ ਵਾਲਾ ਸਿਸਟਮ ਕਮਜ਼ੋਰ ਹੋ ਚੁਕਿਆ ਹੋਵੇ
- ਜਿੰਨ੍ਹਾਂ ਦੀ ਛਾਤੀ ਦੇ ਪਹਿਲਾਂ ਕੀਤੇ ਗਏ ਐਕਸ-ਰੇਅ ਵਿੱਚ (ਅਕ੍ਰਿਆਸ਼ੀਲ ਬਿਮਾਰੀ) ਟੀ ਬੀ ਹੋਵੇ ਜਿਸ ਦਾ ਇਲਾਜ ਪਹਿਲਾਂ ਪੂਰੀ ਤਰ੍ਹਾਂ ਨਾ ਹੋਇਆ ਹੋਵੇ
- ਜਿੰਨ੍ਹਾਂ ਨੂੰ ਪੌਸ਼ਟਕ ਭੋਜਨ ਦੀ ਘਾਟ ਹੋਵੇ, ਬੇਘਰੇ ਹੋਣ, ਸ਼ਰਾਬ ਆਦਿ ਦੇ ਆਦੀ ਹੋਣ, ਜੋ, ਡਰੱਗਾਂ ਦੇ ਟੀਕੇ ਲਾਉਂਦੇ ਹੋਣ

2004 ਦੌਰਾਨ ਟੀਬੀ (TB) ਦੀਆਂ ਵਾਰਦਾਤਾਂ ਦੀਆਂ ਅਨੁਮਾਣਿਤ ਦਰਾਂ



ਆਬਾਦੀ ਦੀ **100,000** ਪ੍ਰਤੀ ਪਿੱਛੇ (ਹਰ ਕਿਸਮ ਦੀ) ਟੀਬੀ **(TB)** ਦੇ ਅਨੁਮਾਣਿਤ ਨਵੇਂ ਕੇਸ

| | |
|---|---|
| **0-24** | **100-299** |
| **25-49** | **300** ਜਾਂ ਵੱਧ |
| **50-99** | ਕੋਈ ਅਨੁਮਾਣ ਉਪਲਬਧ ਨਹੀਂ |

**©WHO 2005.** (ਡਬਲਿਊ ਐਚ ਓ 2**005)** ਸਭ ਹੱਕ ਰਾਖਵੇਂ ਹਨ

## ਵਿਅਕਤੀ, ਜਿੰਨ੍ਹਾਂ ਨੇ ਬੀਸੀਜੀ (BCG) ਦਾ ਟੀਕਾ ਲਵਾਇਆ ਹੋਵੇ, ਫ਼ਿਰ ਵੀ ਉਨ੍ਹਾਂ ਨੂੰ ਟੀ ਬੀ ਲੱਗ ਸਕਦੀ ਹੈ।

ਬੀਸੀਜੀ ਦੇ ਟੀਕੇ ਅਜਿਹੇ ਦੇਸ਼ਾਂ, ਜਿੰਨ੍ਹਾਂ ਵਿੱਚ ਟੀ ਬੀ ਵੱਧ ਮਾਤਰਾ ਵਿੱਚ ਹੋਵੇ, ਵਿੱਚ ਲਾਏ ਜਾਂਦੇ ਹਨ। ਇਹ ਬੇਬੀਆਂ ਅਤੇ ਛੋਟੇ ਬੱਚਿਆਂ ਨੂੰ ਬਿਮਾਰੀ ਦੀ ਤੀਬਰ ਕਿਸਮ ਤੋਂ ਬਚਾਉਣ ਵਿੱਚ ਮਦਦ ਕਰਨ ਲਈ ਲਾਏ ਜਾਂਦੇ ਹਨ। ਬੀਸੀਜੀ ਦਾ ਟੀਕਾ ਬਾਲਗ਼ਾਂ ਨੂੰ ਕ੍ਰਿਆਸ਼ੀਲ ਬਿਮਾਰੀ ਤੋਂ ਨਹੀਂ ਬਚਾਉਂਦਾ। .

## ਯਾਦ ਰੱਖੋ ਕਿ ਟੀ ਬੀ ਨੂੰ:

## ਰੋਕਿਆ ਜਾ ਸਕਦਾ ਹੈ

## ਇਸ ਦਾ ਇਲਾਜ ਕੀਤਾ ਜਾ ਸਕਦਾ ਹੈ

## ਇਸ ਨੂੰ ਠੀਕ ਕੀਤਾ ਜਾ ਸਕਦਾ ਹੈ

ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ ਜਾਂ ਪੀਲ ਪਬਲਿਕ ਹੈਲ਼ਥ ਨੂੰ 905-799-7700 ‘ਤੇ ਫ਼ੋਨ ਕਰੋ

www.peel-stoptb.ca
www.peelregion.ca/health



CDS-0030 09/08
Punjabi

# ਟਿਊਬਰਕਲੋਸਿਜ਼ (TUBERCULOSIS) (TB)



## ਅਸੀਂ ਰਲ਼-ਮਿਲ਼ ਕੇ ਟੀ ਬੀ ਨੂੰ ਰੋਕ ਪਾ ਸਕਦੇ ਹਾਂ

## ਟੀ ਬੀ ਕੀ ਹੁੰਦੀ ਹੈ

ਟੀ ਟੀ ਬੀ ਦੀ ਬਿਮਾਰੀ ਜਰਾਸੀਮਾਂ (ਕੀਟਾਣੂਆਂ) ਦੁਆਰਾ ਲੱਗਦੀ ਹੈ ਜੋ ਹਵਾ ਰਾਹੀਂ ਇੱਕ ਵਿਅਕਤੀ ਤੋਂ ਦੂਜੇ ਤਕ ਫ਼ੈਲ਼ ਜਾਂਦੇ ਹਨ। ਟੀ ਬੀ ਭਾਵੇਂ ਸਰੀਰ ਦੇ ਦੂਜੇ ਅੰਗਾਂ ਨੂੰ ਪ੍ਰਭਾਵਤ ਕਰ ਸਕਦੀ ਪਰ ਅਕਸਰ ਫ਼ੇਫ਼ੜਿਆਂ ਉੱਤੇ ਅਸਰ ਕਰਦੀ ਹੈ। ਟੀ ਬੀ ਦਾ ਇਲਾਜ ਹੋ ਕਸਦਾ ਹੈ । ਫ਼ਿਰ ਵੀ, ਉਚਤ ਇਲਾਜ ਦੀ ਅਣਹੋਂਦ ਕਾਰਨ ਇਹ ਘਾਤਕ ਵੀ ਹੋ ਸਕਦੀ ਹੈ।

Region of Peel
*Working for you*
Public Health

# ਟਿਊਬਰਕਲੋਸਿਜ਼ (TUBERCULOSIS)

## ਟੀ ਬੀ ਕਿਵੇਂ ਫ਼ੈਲਦੀ ਹੈ?

ਜਦੋਂ ਕਿਸੇ ਵਿਅਕਤੀ ਦੇ ਫ਼ੇਫ਼ੜਿਆਂ ਜਾਂ ਸੰਘ ਵਿੱਚ ਟੀ ਬੀ ਦੀ ਬਿਮਾਰੀ ਹੁੰਦੀ ਹੈ ਤਾਂ ਅਜਿਹੇ ਵਿਅਕਤੀ ਵੱਲੋਂ ਖੰਘਣ ਨਾਲ ਜਾਂ ਨਿੱਛ ਮਾਰਨ ਨਾਲ ਜਰਾਸੀਮ ਹਵਾ ਵਿੱਚ ਫ਼ੈਲ ਜਾਂਦੇ ਹਨ।

ਜਿਹੜਾ ਵਿਅਕਤੀ ਅਜਿਹੀ ਹਵਾ ਦਾ ਸਾਹ ਅੰਦਰ ਲੈਂਦਾ ਹੈ ਉਸ ਨੂੰ ਟੀ ਬੀ ਦੇ ਜਰਾਸੀਮ ਦੀ ਲਾਗ ਲੱਗ ਸਕਦੀ ਹੈ।

ਅਜਿਹਾ ਵਿਅਕਤੀ ਜੋ, ਜਿਸ ਵਿਅਕਤੀ ਨੂੰ ਟੀ ਬੀ ਲੱਗੀ ਹੋਵੇ, ਨਾਲ ਲੰਮੇ ਸਮੇਂ ਲਈ ਸੰਪਰਕ ਵਿੱਚ ਰਹਿੰਦਾ ਹੈ, ਨੂੰ ਟੀ ਬੀ ਲੱਗ ਸਕਦੀ ਹੈ।

ਟੀ ਬੀ ਬਹੁਤੀ ਛੂਤ ਵਾਲੀ ਨਹੀਂ ਹੁੰਦੀ। ਫ਼ਿਰ ਵੀ, ਜੇ ਤੁਹਾਨੂੰ ਲੱਗੇ ਕਿ ਤੁਸੀਂ ਟੀ ਬੀ ਦੇ ਬਿਮਾਰ ਦੇ ਸੰਪਰਕ ਵਿੱਚ ਰਹੇ ਹੋ ਤਾਂ ਡਾਕਟਰ ਨੂੰ ਮਿਲੋ।



## ਟੀ ਬੀ ਹੇਠ ਦਰਜ ਕੰਮ ਕਰਨ ਨਾਲ ਨਹੀਂ ਲੱਗਦੀ:

- ਹੱਥ ਮਿਲਾਉਣ ਨਾਲ
- ਇੱਕ ਦੂਜੇ ਦਾ ਜੂਠਾ ਖਾਣ ਜਾਂ ਪੀਣ ਨਾਲ
- ਪਲੇਟਾਂ,ਛੁਰੀ ਕਾਂਟੇ, ਕੱਪ ਸਾਂਝੇ ਵਰਤਣ ਨਾਲ
- ਬਿਸਤਰੇ ਚਾਦਰਾਂ
- ਟੁਆਇਲਟ ਸੀਟਾਂ
- ਦੰਦ ਸਾਫ਼ ਕਰਨ ਵਾਲੇ ਬੁਰਸ਼ ਸਾਂਝੇ ਕਰਨ ਨਾਲ
- ਚੁੰਮਣ ਨਾਲ
- ਸਿਗਰਟ ਪੀਣ ਜਾਂ ਇੱਕ ਦੂਜੇ ਦੀ ਸਿਗਰਟ ਪੀਣ ਨਾਲ

ਟੀ ਬੀ ਜਰਾਸੀਮਾਂ ਦੀ ਲਾਗ ਵਾਲਾ ਹਰ ਕੋਈ ਵਿਅਕਤੀ ਟੀ ਬੀ ਦਾ ਬਿਮਾਰ ਨਹੀਂ ਬਣ ਜਾਂਦਾ। ਟੀ ਬੀ ਨਾਲ ਸੰਬੰਧਤ ਦੋ ਹਾਲਤਾਂ ਹੁੰਦੀਆਂ ਹਨ: ਦਬੀ ਹੋਈ ਟੀ ਬੀ ਦੀ ਲਾਗ (LTBI) ਅਤੇ ਕ੍ਰਿਆਸ਼ੀਲ ਟੀ ਬੀ ਦੀ ਬਿਮਾਰੀ।

# ਦਬੀ ਹੋਈ ਟੀ ਬੀ ਦੀ ਲਾਗ (LTBI)

## ਦਬੀ ਹੋਈ ਟੀ ਬੀ ਦੀ ਲਾਗ (LTBI) ਕੀ ਹੁੰਦੀ ਹੈ?

ਦਬੀ ਹੋਈ ਟੀ ਬੀ ਦੀ ਲਾਗ (LTBI) ਵਾਲਾ ਵਿਅਕਤੀ ਆਪਣੇ ਆਪ ਨੂੰ ਬਿਮਾਰ ਮਹਿਸੂਸ ਨਹੀਂ ਕਰਦਾ ਅਤੇ ਨਾਂ ਹੀ ਇਸ ਦੇ ਲੱਛਣ ਦਿੱਸਦੇ ਹਨ ਪਰ ਆਮ ਤੌਰ ਤੇ ਚਮੜੀ ਦੇ ਟੈਸਟ ਵਿੱਚ ਉਹ ਯਕੀਨੀ ਤੌਰ ਤੇ ਟੀ ਬੀ ਦਾ ਬਿਮਾਰ ਸਿੱਧ ਹੁੰਦਾ ਹੈ।


ਦਬੀ ਹੋਈ ਟੀ ਬੀ ਦੀ ਲਾਗ (LTBI) ਵਾਲਾ ਵਿਅਕਤੀ ਛੂਤ ਵਾਲਾ ਨਹੀਂ ਹੁੰਦਾ ਅਤੇ ਉਸ ਕਾਰਨ ਦੂਜਿਆਂ ਨੂੰ ਛੂਤ ਦੀ ਲਾਗ ਨਹੀਂ ਲੱਗਦੀ।

## ਟੀ ਬੀ ਦਾ ਪ੍ਰਤਾ ਕਰਨ ਲਈ ਕੀਤਾ ਜਾਂਦਾ ਚਮੜੀ ਦਾ ਟੈਸਟ ਕੀ ਹੁੰਦਾ ਹੈ ?

ਟੀ ਬੀ ਲਈ ਚਮੜੀ ਦਾ ਟੈਸਟ ਦੱਸੇਗਾ ਕਿ ਵਿਅਕਤੀ ਨੂੰ ਟੀ ਬੀ ਦੇ ਜਰਮ ਲੱਗ ਗਿਆ ਹੈ ਅਤੇ ਉਸ ਨੇ ਐਂਟੀਬਾਡੀਜ਼ ਪੈਦਾ ਕੀਤੇ ਹਨ। ਇਹ ਕੋਈ ਟੀਕਾ ਨਹੀਂ ਹੁੰਦਾ ਅਤੇ ਨਾ ਹੀ ਖ਼ੂਨ ਦਾ ਟੈਸਟ ਹੁੰਦਾ ਹੈ।



ਇਹ ਯਕੀਨੀ ਬਣਾਉਣ ਲਈ ਕਿ ਵਿਅਕਤੀ ਕ੍ਰਿਆਸ਼ੀਲ ਟੀ ਬੀ ਦਾ ਬਿਮਾਰ ਨਹੀਂ, ਛਾਤੀ ਦੇ ਐਕਸ-ਰੇਅ ਜਾਂ ਡਾਕਟਰੀ ਮੁਆਇਨੇ ਲਈ ਵਧੇਰੇ ਟੈਸਟ ਕੀਤੇ ਜਾ ਸਕਦੇ ਹਨ।



## ਕ੍ਰਿਆਸ਼ੀਲ ਟੀ ਬੀ ਬਿਮਾਰੀ ਨੂੰ ਰੋਕਣ ਲਈ ਦਵਾਈ ਲੈਣੀ

ਦਬੀ ਹੋਈ ਟੀ ਬੀ ਦੀ ਲਾਗ (LTBI) ਵਾਲਾ ਵਿਅਕਤੀ ਭਵਿੱਖ ਵਿੱਚ ਕ੍ਰਿਆਸ਼ੀਲ ਟੀ ਬੀ ਦੀ ਬਿਮਾਰੀ ਲੱਗਣ ਉੱਤੇ ਰੋਕ ਪਾਉਣ ਲਈ ਦਵਾਈ ਲੈ ਸਕਦਾ ਹੈ। ਅਜਿਹੀ ਦਵਾਈ, ਜਿਵੇਂ ਵੀ ਡਾਕਟਰ ਵੱਲੋਂ ਹਦਾਇਤ ਦਿੱਤੀ ਗਈ ਹੋਵੇ, ਛੇ ਮਹੀਨੇ ਹਰ ਰੋਜ਼ ਜ਼ਰੂਰ ਲੈਣੀ ਚਾਹੀਦੀ ਹੈ।

ਟੀ ਬੀ ਲਈ ਕੀਤੇ ਗਏ ਚਮੜੀ ਦੇ ਟੈਸਟਾਂ ਦੇ ਨਤੀਜਿਆਂ ਅਤੇ ਟੀ ਬੀ ਲਈ ਲੱਈਆਂ ਦਵਾਈਆਂ ਦੀ ਨਕਲ ਦਾ ਰਿਕਾਰਡ ਰੱਖੋ।

# ਕ੍ਰਿਆਸ਼ੀਲ ਟੀ ਬੀ ਦੀ ਬਿਮਾਰੀ

## ਕ੍ਰਿਆਸ਼ੀਲ ਟੀ ਬੀ ਦੀ ਬਿਮਾਰੀ ਕੀ ਹੁੰਦੀ ਹੈ?

ਜਦੋਂ ਸਰੀਰ ਅੰਦਰ ਬਿਮਾਰੀ ਵਿਰੁੱਧ ਬਚਾਅ ਕਰਨ ਵਾਲਾ ਸਿਸਟਮ ਕਮਜ਼ੋਰ ਹੋ ਜਾਂਦਾ ਹੈ, ਤਾਂ ਟੀ ਬੀ ਦੇ ਜਰਾਸੀਮ ਕ੍ਰਿਆਸ਼ੀਲ ਹੋ ਜਾਂਦੇ ਹਨ, ਵਧਣੇ ਸ਼ੁਰੂ ਹੋ ਜਾਂਦੇ ਹਨ,ਨੁਕਸਾਨ ਕਰਦੇ ਹਨ ਅਤੇ ਵਿਅਕਤੀ ਆਪਣੇ ਆਪ ਨੂੰ ਬਿਮਾਰ ਮਹਿਸੂਸ ਕਰਦਾ ਹੈ।

ਟੀ ਬੀ ਸਰੀਰ ਦੇ ਕਿਸੇ ਵੀ ਹਿੱਸੇ ਨੂੰ ਪ੍ਰਭਾਵਤ ਕਰ ਸਕਦੀ ਹੈ। ਜਦੋਂ ਟੀ ਬੀ ਦੇ ਜਰਾਸੀਮ ਫ਼ੇਫ਼ੜਿਆਂ ਜਾਂ ਸੰਘ ਵਿੱਚ ਹੋਣ ਤਾਂ ਇਹ ਦੂਜਿਆਂ ਤੀਕ ਵੀ ਫ਼ੈਲ ਸਕਦੀ ਹੈ।

## ਕ੍ਰਿਆਸ਼ੀਲ ਟੀ ਬੀ ਦੀ ਬਿਮਾਰੀ ਦੇ ਚਿੰਨ੍ਹ ਅਤੇ ਲੱਛਣ.

- ਖੰਘ ਜੋ ਦੋ ਹਫ਼ਤਿਆਂ ਤੋਂ ਵੱਧ ਰਹਿੰਦੀ ਹੈ।
- ਬੁਖ਼ਾਰ
- ਰਾਤੀਂ ਪਸੀਨਾ ਛੁੱਟਣਾ
- ਥਕੇਵਾਂ ਮਹਿਸੂਸ ਕਰਨਾ
- ਖੰਘ ਵਿੱਚ ਖ਼ੂਨ ਆਉਣਾ
- ਭਾਰ ਘਟਣਾ
- ਅਕਾਰਨ ਪੈਦਾ ਹੋਈ ਦਰਦ ਜੋ ਹਟਦੀ ਨਾ ਹੋਵੇ

## ਕ੍ਰਿਆਸ਼ੀਲ ਟੀ ਬੀ ਦੀ ਬਿਮਾਰੀ ਠੀਕ ਕਰਨ ਲਈ ਦਵਾਈ ਲੈਣੀ

ਕ੍ਰਿਆਸ਼ੀਲ ਟੀ ਬੀ ਦੀ ਬਿਮਾਰੀ ਦਾ ਇਲਾਜ ਟੀ ਬੀ ਦੀਆਂ ਕਈ ਦਵਾਈਆਂ ਲੈ ਕੇ ਕੀਤਾ ਜਾ ਸਕਦਾ ਹੈ। ਇਹ ਦਵਾਈ ਘੱਟ ਤੋਂ ਘੱਟ ਛੇ ਮਹੀਨਿਆਂ ਲਈ ਲੈਣੀ ਜ਼ਰੂਰੀ ਹੁੰਦੀ ਹੈ।

ਜੇ ਕ੍ਰਿਆਸ਼ੀਲ ਟੀ ਬੀ ਦੀ ਬਿਮਾਰੀ ਵਾਲਾ ਵਿਅਕਤੀ ਆਪਣੀ ਦਵਾਈ ਲੈਣੀ ਛੇਤੀ ਹੀ ਬੰਦ ਕਰ ਦਿੰਦਾ ਹੈ ਤਾਂ ਜਰਾਸੀਮ ਦਵਾਈ ਨੂੰ ਬੇਅਸਰ ਬਣਾ ਦਿੰਦੇ ਹਨ। ਵਿਅਕਤੀ ਹੋਰ ਵੱਧ ਬਿਮਾਰ ਹੋ ਜਾਵੇਗਾ ਅਤੇ ਠੀਕ ਹੋਣ ਲਈ ਉਸ ਨੂੰ ਦਵਾਈ ਦੀ ਵੱਧ ਤੇਜ਼ ਖ਼ੁਰਾਕ ਲੈਣ ਦੀ ਲੋੜ ਪਵੇਗੀ।




ਟੀ ਬੀ ਦੀ ਦਵਾਈ ਮੁਫ਼ਤ ਹੁੰਦੀ ਹੈ। ਡਾਕਟਰ ਨਾਲ ਇਸ ਬਾਰੇ ਗੱਲ ਕਰੋ।